# ਕਲਾ ਦਾ ਇਕ ਨਵਾਂ ਮੰਦਰ 'ਪੰਜਾਬ ਨਾਟ ਸ਼ਾਲਾ'

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਪੰਜਾਬ ਨਾਟ ਸ਼ਾਲਾ ਅੰਮ੍ਰਿਤਸਰ, ਪੰਜਾਬ ਦਾ ਇਕ ਨਵਾਂ ਕਲਾ ਮੰਦਰ ਹੋਂਦ ਵਿਚ ਆ ਗਿਆ ਹੈ। ਇਸ ਦਾ ਕਾਇਮ ਹੋਣਾ ਕਲਾ ਖੇਤਰ ਵਿਚ ਇਕ ਬਹੁਤ ਵੱਡੀ ਘਟਨਾ ਹੈ। ਇਸ ਨਾਟ ਸ਼ਾਲਾ ਵਿਚ ਇਕ ਸਾਹਿਤਕ ਸਮਾਗਮ ਦੌਰਾਨ ਮੈਨੂੰ ਹਾਜ਼ਰ ਹੋਣ ਦਾ ਮੌਕਾ ਵੀ ਮਿਲਿਆ ਹੈ ਅਤੇ ਮੈਂ ਉਥੇ ਨਾਟਕ ਵੀ ਕੀਤਾ ਹੈ। ਇਸ ਦੇ ਬਾਰੇ ਪਾਠਕਾਂ ਨਾਲ ਆਪਣੇ ਪ੍ਰਭਾਵ ਸਾਂਝੇ ਕਰਨਾ ਆਪਣਾ ਫਰਜ਼ ਸਮਝਦਾ ਹਾਂ।

22-23 ਅਪਰੈਲ 2000, ਚੰਡੀਗੜ੍ਹ ਵਿਚ ਸਰਘੀ ਕਲਾ ਕੇਂਦਰ ਮੁਹਾਲੀ ਵਲੋਂ ਇਕ ਸਮਾਗਮ ਹੋਇਆ। ਇਹ ਸਮਾਗਮ ਮਰਹੂਮ ਰੰਗਕਰਮੀ ਜੁਗਿੰਦਰ ਬਾਹਰਲਾ ਦੀ ਯਾਦ ਵਿਚ ਸੀ। ਨਾਟਕ ਖੇਤਰ ਦੇ ਪੰਜ ਬਜ਼ੁਰਗਾਂ ਨਾਲ ਰੂਬਰੂ ਇਸ ਪ੍ਰੋਗਰਾਮ ਵਿਚ ਹੋਇਆ। ਇਸ ਸਮਾਗਮ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਨਾਟਕ ਤੇ ਹੋਰ ਵੀ ਸੂਖਮ ਕਲਾਵਾਂ ਸਰਕਾਰ ਵਲੋਂ ਵੀ ਅਤੇ ਸਮਾਜ ਵਲੋਂ ਵੀ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤੀਆਂ ਜਾ ਰਹੀਆਂ ਹਨ। ਇਹਦੇ ਬਾਰੇ ਰਲ ਕੇ ਕੁਝ ਕਰਨਾ ਬਣਦਾ ਹੈ। 23 ਅਪਰੈਲ ਨੂੰ ਮੈਂ ਅੰਮ੍ਰਿਤਸਰ ਦੇ ਪੰਜਾਬ ਨਾਟ ਸ਼ਾਲਾ 'ਚ ਜਾ ਕੇ ਜੋ ਦੇਖਿਆ, ਉਹਨੇ ਇਹਦੇ ਉਲਟ ਇਹ ਯਕੀਨ ਬਣਾਇਆ ਕਿ ਭਾਵੇਂ ਸਰਕਾਰ ਇਸ ਖੇਤਰ ਵਿਚ ਕੁਝ ਨਾ ਕਰੇ ਪਰ ਪੰਜਾਬ ਵਿਚ ਇਹੋ ਜਿਹੇ ਸੰਵੇਦਨਸ਼ੀਲ ਵਿਅਕਤੀ ਜ਼ਰੂਰ ਹਨ, ਜੋ ਆਪਣੀ ਪੱਧਰ 'ਤੇ ਕੰਮ ਕਰਕੇ ਹੈਰਾਨਕੁਨ ਨਤੀਜੇ ਕੱਢ ਸਕਦੇ ਹਨ। ਇਨ੍ਹਾਂ ਵਿਚ ਇਕ ਵਿਅਕਤੀ ਇੰਜੀਨੀਅਰ ਜਤਿੰਦਰ ਸਿੰਘ ਬਰਾੜ ਹੈ ਅਤੇ ਪੰਜਾਬ ਨਾਟ ਸ਼ਾਲਾ ਉਹਦੀ ਪੰਜਾਬ ਦੇ ਲੋਕਾਂ ਨੂੰ ਇਕ ਸੁਗਾਤ ਹੈ।

ਇਹ ਨਾਟ ਸ਼ਾਲਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਮੁੱਖ ਦਰਵਾਜ਼ੇ ਦੇ ਸਾਹਮਣੇ ਹੀ ਸੜਕ ਦੇ ਦੂਜੇ ਪਾਸੇ ਕਾਇਮ ਹੋਈ ਹੈ। ਮੇਰੀਆਂ ਨਿੱਜੀ ਤੌਰ 'ਤੇ ਖਾਲਸਾ ਕਲਾਜ ਨਾਲ ਬਣੀਆਂ ਯਾਦਾਂ ਜੁੜੀਆਂ ਹੋਈਆਂ ਹਨ। ਖਾਲਸਾ ਕਾਲਜ, ਉਹਦਾ ਸਕੂਲ, ਸਟਾਫ, ਕਵਾਟਰ ਖੇਡ ਮੈਦਾਨ ਅਤੇ ਉਹਦੀ ਮਹਿਲਨੁਮਾ ਬਿਲਡਿੰਗ ਬਹੁਤ ਹੀ ਸ਼ਾਨਦਾਰ ਹਨ। ਮੇਰੇ ਦਾਦਾ ਜੀ ਪਹਿਲੇ ਉਥੋਂ ਦੇ ਕਾਲਜੀਏਟ ਸਕੂਲ ਦੇ ਹੈਡਮਾਸਟਰ ਰਹੇ ਅਤੇ ਫਿਰ ਕਾਲਜ ਦੇ ਵਾਈਸ ਪ੍ਰਿੰਸੀਪਲ ਰਹੇ, ਮੇਰਾ ਉਸ ਕਾਲਜ ਨਾਲ ਮੋਹ ਹੈ। ਉਥੇ ਹੀ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੀ ਟੂਕ ਦਾ ਮੈਂ ਥਹੁ ਪਾਇਆ। ਉਸ ਕਾਲਜ ਲਈ ਮੇਰਾ ਪਿਆਰ ਹੈ, ਸਤਿਕਾਰ ਹੈ। ਉਸੇ ਕਾਲਜ ਦੇ ਸਾਹਮਣੇ ਹੋਂਦ ਵਿਚ ਆਈ ਪੰਜਾਬ ਨਾਟ ਸ਼ਾਲਾ ਉਨੇ ਹੀ ਸਤਿਕਾਰ ਦੀ ਹੱਕਦਾਰ ਹੈ। ਇਹ ਥਾਂ ਖਾਲਸਾ ਕਾਲਜ ਦੇ ਮੁਕਾਬਲੇ ਬੜੀ ਨਿੱਕੀ, ਜਾਂ ਕਹਿ ਲਵੋ ਕਿ ਬਿਲਕੁਲ ਹੀ ਨਿੱਕੀ ਹੈ, ਪਰ ਕਲਾ ਦੇ ਖੇਤਰ ਵਿਚ ਇਹਦੀ ਉਨੀ ਹੀ ਮਹੱਤਤਾ ਹੋਵੇਗੀ, ਜਿੰਨੀ ਵਿਦਿਆ ਦੇ ਖੇਤਰ ਵਿਚ ਖਾਲਸਾ ਕਾਲਜ ਦੀ ਹੈ। ਆਉਣ ਵਾਲੇ ਸਮੇਂ ਵਿਚ ਜਦੋਂ ਅੰਮ੍ਰਿਤਸਰ ਦਾ ਜ਼ਿਕਰ ਆਵੇਗਾ ਤਾਂ ਹਰਮੰਦਰ ਸਾਹਿਬ, ਖਾਲਸਾ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਠਾਕੁਰ ਸਿੰਘ ਸਕੂਲ ਆਫ ਆਰਟਸ, ਰਾਮ ਬਾਗ, ਠੰਢੀ ਖੂਹੀ ਦਾ ਨਾਂ ਆਏਗਾ ਤਾਂ ਕਲਾ ਦੀ ਕਾਇਮ ਹੋਈ ਇਸ ਨਾਟ ਸ਼ਾਲਾ ਦਾ ਨਾਂ ਵੀ ਆਵੇਗਾ।

ਇਹ ਨਾਟ ਸ਼ਾਲਾ ਜਤਿੰਦਰ ਸਿੰਘ ਬਰਾੜ, ਇਕ ਇਕੱਲੇ ਵਿਅਕਤੀ ਦੀ ਦੇਣ ਹੈ। ਉਹ ਭਾਵੇਂ ਬੜੇ ਆਜਿਜ਼ ਸੁਭਾਅ ਦੇ ਹੋਣ ਕਰਕੇ ਇਸ ਨੂੰ ਅੰਮ੍ਰਿਤਸਰ ਦੇ ਕਲਾਕਾਰਾਂ ਦੀ ਦੇਣ ਹੀ ਆਖਦਾ ਹੈ। ਇਹ ਵੀ ਕਹਿ ਦਿੰਦਾ ਹੈ ਕਿ ਇਸ ਸਭ ਕੁਝ ਲਈ ਮੈਂ ਭਾਅ ਜੀ ਕੋਲੋਂ ਪ੍ਰੇਰਨਾ ਲਈ ਹੈ, ਪਰ ਇਸ ਨਾਟ ਸ਼ਾਲਾ ਦਾ ਕਣ ਕਣ ਉਹਦੇ ਹੀ ਸੁਪਨਿਆਂ ਦੀ ਸਾਕਾਰਤਾ ਹੈ। ਜਤਿੰਦਰ ਬਰਾੜ ਪੇਸ਼ੇ ਦੇ ਤੌਰ 'ਤੇ ਇਕ ਇੰਜੀਨੀਅਰ ਹੈ। ਉਸ ਨੇ ਇਸ ਖੇਤਰ 'ਚ ਖੇਤੀ ਯੰਤਰਾਂ ਵਿਚ ਮੁਹਾਰਤ ਹਾਸਲ ਕੀਤੀ ਹੈ ਅਤੇ 'ਸ਼ਾਰਪ' ਨਾਂ ਦੇ ਕੰਬਾਇਨ ਬਲੇਡ ਕਰਕੇ ਵਿਸ਼ਵ ਪ੍ਰਸਿੱਧੀ ਲਈ ਹੈ। ਪਰ ਇਕ ਇੰਜੀਨੀਅਰ ਦੇ ਨਾਲ ਨਾਲ ਉਹ ਇਕ ਨਾਟਕਕਾਰ ਹੈ, ਕਲਾਕਾਰ ਹੈ। ਉਹਦੇ ਨਾਟਕ ਲੋਹੇ ਦੀ ਭੱਠੀ, ਫਾਸਲੇ, ਕੁਦੇਸਣ, ਪਾਇਦਾਨ ਪੰਜਾਬੀ ਨਾਟਕ ਸਾਹਿਤ ਦੇ ਜ਼ਿਕਰਯੋਗ ਨਾਟਕ ਹਨ। ਵਿਦਿਆਰਥੀ ਜੀਵਨ ਵਿਚ ਉਹਨੇ ਛੋਟੇ ਛੋਟੇ ਸਕਿੱਟਾਂ ਰਾਹੀਂ ਆਪਣੀ ਥਾਂ ਬਣਾਈ ਸੀ। ਮੈਨੂੰ ਨਿਮਾਣਾ ਜਿਹਾ ਮਾਣ ਹੈ ਕਿ 'ਲੋਹੇ ਦੀ ਭੱਠੀ' ਪਹਿਲੇ ਪਹਿਲ ਓਪਨ ਏਅਰ ਥੀਏਟਰ 'ਤੇ ਸਾਡੀ ਸਟੇਜ 'ਤੇ ਹੀ ਹੋਇਆ ਸੀ। ਪੰਜਾਬ ਨਾਟ ਸ਼ਾਲਾ ਵਿਚ ਉਹਦੀ ਇੰਜੀਨੀਰਿੰਗ ਮੁਹਾਰਤ ਪੂਰੀ ਤਰ੍ਹਾਂ ਵੇਖਣ ਵਿਚ ਆਈ ਹੈ।

ਇਸ ਨਾਟ ਸ਼ਾਲਾ ਦੀ ਇਕ ਵੱਡੀ ਸਟੇਜ ਹੈ, ਜਿਸ ਉਤੇ ਵੱਡੇ ਤੋਂ ਵੱਡਾ ਨਾਟਕ ਡੀਜ਼ਾਇਨ ਕੀਤਾ ਜਾ ਸਕਦਾ ਹੈ। 150 ਦਰਸ਼ਕ ਬੈਠ ਸਕਦੇ ਹਨ। ਆਵਾਜ਼ ਅਤੇ ਰੋਸ਼ਨੀ ਦੀਆਂ ਪੂਰੀਆਂ ਆਧੁਨਿਕ ਸਹੂਲਤਾਂ ਹਨ। ਰੋਲਿੰਗ ਛੱਤ ਹੈ। ਉਹ ਓਪਨ ਏਅਰ ਥੀਏਟਰ ਵੀ ਬਣ ਸਕਦਾ ਹੈ ਅਤੇ ਬੰਦ ਹਾਲ ਕਮਰੇ ਵਾਲਾ ਥੀਏਟਰ ਵੀ ਬਣ ਸਕਦਾ ਹੈ। ਇਕ ਇੰਜੀਨੀਅਰ ਹੋਣ ਕਰਕੇ ਉਹ ਮਸਲੇ ਦੀ ਸ਼ਨਾਖਤ ਕਰਦਾ ਹੈ ਅਤੇ ਫੇਰ ਮਸਲੇ ਦਾ ਹੱਲ ਵੀ ਲੱਭਦਾ ਹੈ। ਦਰਸ਼ਕਾਂ ਦੇ ਪੈਰਾਂ 'ਤੇ ਮੱਛਰ ਲੜਦਾ ਹੈ, ਜੋ ਦਰਸ਼ਕਾਂ ਦੀ ਇਕਾਗਰਤਾ ਨੂੰ ਭੰਗ ਕਰਦਾ ਹੈ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਵੀ ਮੱਛਰ ਹੈ। ਜਤਿੰਦਰ ਬਰਾੜ ਨੇ ਫਰਸ਼ ਦੇ ਫੱਟਿਆਂ ਥੱਲੇ, 'ਗੁੱਡ ਨਾਈਟ' ਮੱਛਰਮਾਰ ਦਾ ਜਾਲ ਵਿਛਾਇਆ ਹੈ। ਮੱਛਰ ਦਾ ਨਾਂ ਨਹੀਂ ਹੈ।

ਇਹ ਨਾਟ ਸ਼ਾਲਾ ਪੂਰੀ ਤਰ੍ਹਾਂ ਜਤਿੰਦਰ ਬਰਾੜ ਦੀਆਂ ਆਪਣੀਆਂ ਕੋਸ਼ਿਸ਼ਾਂ ਦੀ ਦੇਣ ਹੈ। ਇਕ ਵੀ ਸਰਕਾਰੀ ਪੈਸਾ ਨਹੀਂ ਲੱਗਿਆ ਹੈ ਤੇ ਨਾ ਹੀ ਲੱਗਣਾ ਹੈ। ਨਾਟਕਕਾਰਾਂ ਲਈ ਇਸ ਦੀ ਸੇਵਾ ਮੁਫਤ ਹੈ। ਮੈਨੂੰ ਹੋਰ ਵੀ ਮਾਣ ਹੈ ਕਿ ਇਹ ਨਾਟ ਸ਼ਾਲਾ ਮੇਰੇ ਜੱਦੀ ਘਰ 'ਗੁਰੂ ਖਾਲਸਾ ਨਿਵਾਸ' ਤੋਂ ਦੂਰ ਨਹੀਂ। ਇਕ ਵੇਲੇ ਮੇਰੇ ਉਸ ਘਰ ਦੀ ਛੱਤ ਮਿੰਨੀ ਥੀਏਟਰ ਹੁੰਦੀ ਸੀ।

ਬਲਰਾਜ ਸਾਹਨੀ ਨੇ ਆਪਣੇ ਸ਼ਾਹਕਾਰ ਇਕ ਪਾਤਰੀ ਨਾਟਕ 'ਉਪਰਲੀ ਮੰਜ਼ਿਲ' ਦੀ ਉਥੇ ਹੀ ਰੀਹਰਸਲ ਕਰਕੇ ਤਿਆਰੀ ਕੀਤੀ ਸੀ। ਬੰਸੀ ਕੌਲ ਨੇ ਉਥੇ ਹੀ ਵਰਕਸ਼ਾਪ ਲਗਾ ਕੇ ਨਾਟਕ 'ਧਮਕ ਨਗਾਰੇ ਦੀ' ਤਿਆਰ ਕਰਵਾਇਆ ਸੀ। ਕੇਵਲ ਧਾਲੀਵਾਲ, ਸੁਖਦੇਵ ਪ੍ਰੀਤ, ਸਤਵਿੰਦਰ ਸੋਨੀ, ਨਰਿੰਦਰ ਸਾਂਘੀ, ਹਰਦੀਪ ਗਿੱਲ, ਹ.ਸ. ਰੰਧਾਵਾ, ਪਵਨ ਕੁਮਾਰ, ਅਮਰਜੀਤ, ਬਲਦੇਵ ਆਦਿਕ ਜੋ ਕਿ ਹੁਣ ਪੰਜਾਬ ਦੀ ਸਟੇਜ ਦੇ ਜਾਣੇ ਪਛਾਣੇ ਨਾਂ ਹਨ, ਉਸ ਮਿੰਨੀ ਥੀਏਟਰ ਵਿਚੋਂ ਹੀ ਸ਼ੁਰੂ ਕਰਕੇ ਬੁਲੰਦੀਆਂ 'ਤੇ ਪੁੱਜੇ ਹਨ। ਇਹੋ ਮਾਣ ਓਪਨ ਏਅਰ ਥੀਏਟਰ ਗਾਂਧੀ ਗਰਾਊਂਡ ਅੰਮ੍ਰਿਤਸਰ ਨੂੰ ਜਾਂਦਾ ਹੈ, ਜਿਥੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਆਲ੍ਹਣਾ ਤੀਲੋਤੀਲਾ, ਲੂਣਾ, ਬੇਬੇ ਰਾਮ ਭਜਨੀ, ਉਦਾਸ ਲੋਕ ਆਦਿਕ ਸ਼ਾਹਕਾਰ ਨਾਟਕ ਹੋਏ ਅਤੇ ਜਤਿੰਦਰ ਕੌਰ, ਹਰਭਜਨ ਜੱਬਲ, ਬਲਵਿੰਦਰ ਭਾਰਤੀ, ਦਿਲਜੀਤ ਕੌਰ, ਵੇਦ ਸ਼ਰਮਾ, ਸੁਦਰਸ਼ਨ ਸ਼ਰਮਾ, ਰਾਜ ਕੁਮਾਰ, ਇੰਦਰਜੀਤ ਮਹਿਤਾ, ਪ੍ਰੀਤਮ ਪਿਆਸਾ, ਨਰਿੰਦਰ ਨਿੰਦੀ ਵਰਗੇ ਅਦਾਕਾਰਾਂ ਨੇ ਨਾਟਕ ਦੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਅਤੇ ਪ੍ਰਸਿੱਧੀ ਹਾਸਲ ਕੀਤੀ। ਹੁਣ ਪੰਜਾਬ ਨਾਟਸ਼ਾਲਾ ਇਹ ਭੂਮਿਕਾ ਨਿਭਾਏਗੀ। ਪਹਿਲੀਆਂ ਕੋਸ਼ਿਸ਼ਾਂ ਤਾਂ ਮੁਢਲੀਆਂ ਸਨ ਪਰ ਇਹ ਨਾਟ ਸ਼ਾਲਾ ਤਾਂ ਆਧੁਨਿਕ ਹੈ। ਅੰਮ੍ਰਿਤਸਰ ਲਈ ਇਹ ਸੁਗਾਤ ਹੈ, ਪੰਜਾਬ ਲਈ ਅਤੇ ਪੰਜਾਬੀ ਨਾਟਕ ਲਈ ਵੀ ਇਹ ਸੁਗਾਤ ਹੈ। ਪੰਜਾਬੀ ਨਾਟਕ ਦਾ ਹਰ ਮਹੱਤਵਪੂਰਨ ਸਮਾਗਮ ਇਥੇ ਹੋਣ ਦੀ ਸੰਭਾਵਨਾ ਹੈ। ਕੇਵਲ ਧਾਲੀਵਾਲ ਨੇ 'ਲਾਲ ਬੱਤੀ' ਵੀ ਇਥੇ ਹੀ ਡੀਜ਼ਾਇਨ ਕੀਤਾ ਸੀ। ਐਮ.ਕੇ. ਰੈਨਾ ਨੇ ਇਹ ਨਾਟ ਸ਼ਾਲਾ ਵੇਖ ਕੇ ਇਹ ਖਾਹਸ਼ ਜ਼ਾਹਰ ਕੀਤੀ ਹੈ ਕਿ ਉਹ ਆਪਣੇ ਨਾਟਕ ਨੂੰ ਇਸ ਨਾਟ ਸ਼ਾਲਾ ਵਿਚ ਹੀ ਸ਼ੁਰੂ ਕਰੇਗਾ। ਇਸ ਤਰ੍ਹਾਂ ਇਸ ਨੂੰ ਨੈਸ਼ਨਲ ਪੱਧਰ ਦੀ ਪਹਿਚਾਣ ਮਿਲੇਗੀ। ਪੰਜਾਬ ਦੇ ਨਾਟਕਕਾਰਾਂ, ਕਲਾਕਾਰਾਂ ਵਲੋਂ ਜਤਿੰਦਰ ਬਰਾੜ ਨੂੰ ਇਸ ਦੇਣ ਲਈ ਲੱਖ ਲੱਖ ਸਲਾਮ!